Canteen

सत्यमेव जयते

# INDIA NON JUDICIAL

## Government of Punjab

### e-Stamp

| | | |
|---|---|---|
| Certificate No. | : | IN-PB71164664638170V |
| Certificate Issued Date | : | 14-Feb-2023 04:02 PM |
| Certificate Issued By | : | pbrjnirau |
| Account Reference | : | NEWIMPACC (SV)/ pb7056104/ FARIDKOT/ PB-FK |
| Unique Doc. Reference | : | SUBIN-PBPB705610443496443246491V |
| Purchased by | : | Parvinder Singh son of Balwinder Singh |
| Description of Document | : | Article 4 Affidavit |
| Property Description | : | Not Applicable |
| Area of Property | : | Not Applicable |
| Consideration Price (Rs.) | : | 0<br>(Zero) |
| First Party | : | Shiv Shakti Food Service |
| Second Party | : | Not Applicable |
| Stamp Duty Paid By | : | Shiv Shakti Food Service |
| Stamp Duty Amount(Rs.) | : | 50<br>(Fifty only) |

Please write or type below this line

Principal
Dasmesh Institute of Research
& Dental Sciences, FARIDKOT.

RAKESH KUMAR
ACC. ID. PB7056104
FARIDKOT

0020243915

Scanned with OKEN Scanner

# ਦਸਮੇਸ਼ ਇੰਸਟੀਚਿਊਟ ਆਫ ਰਿਸਰਚ ਐਂਡ ਡੈਂਟਲ ਸਾਇੰਸਜ਼, ਫਰੀਦਕੋਟ

ਦਸਮੇਸ਼ ਡੈਂਟਲ ਕਾਲਜ ਦੀ ਕੰਟੀਨ ਚਲਾਉਣ ਦਾ ਇਕਰਾਰ ਨਾਮਾ (01.02.2023 ਤੋਂ 31.03.2026 ਤੱਕ)

**ਮਾਲਕ** **ਪ੍ਰਿੰਸੀਪਲ, ਦਸਮੇਸ਼ ਡੈਂਟਲ ਕਾਲਜ, ਫਰੀਦਕੋਟ**

**ਠੇਕੇਦਾਰ** **ਸ਼ਿਵ ਸ਼ਕਤੀ ਫੂਡ ਸਰਵਿਸ, ਫਰੀਦਕੋਟ**

ਸ਼ਿਵ ਸ਼ਕਤੀ ਫੂਡ ਸਰਵਿਸ, ਗਲੀ ਨੰ: 2, ਬਾਬਾ ਦੀਪ ਸਿੰਘ ਨਗਰ, ਪੁਰਾਣੀ ਕੈਂਟ ਰੋਡ, ਫਰੀਦਕੋਟ ਤਹਿਸੀਲ ਫਰੀਦਕੋਟ, ਜਿਲ੍ਹਾ ਫਰੀਦਕੋਟ ਆਪਣੇ ਪੂਰੇ ਹੋਸ਼ਹਵਾਸ ਨਾਲ ਇਸ ਇਕਰਾਰਨਾਮੇ ਦੀ ਲਿਖਤ, ਪ੍ਰਿੰਸੀਪਲ, ਦਸਮੇਸ਼ ਇੰਸਟੀਚਿਊਟ ਆਫ ਰਿਸਰਚ ਐਂਡ ਡੈਂਟਲ ਸਾਇੰਸਜ਼, ਫਰੀਦਕੋਟ(ਮਾਲਕ) ਦੇ ਪੱਖ ਵਿੱਚ, ਇਸ ਸੰਸਥਾ ਦੇ ਅਹਾਤੇ ਵਿੱਚ ਕੰਟੀਨ ਪਟੇ ਦੇ ਤੌਰ ਤੇ ਨਿਮਨ ਲਿਖਤ ਸ਼ਰਤਾਂ ਤੇ ਲੈਣ ਨੂੰ ਤਿਆਰ ਹਾਂ ਅਤੇ ਬਿਆਨ ਕਰਦੇ ਹਾਂ ਕਿ ਅਸੀਂ ਇਸ ਲਿਖਤ ਦੇ ਪਾਬੰਦ ਰਹਾਂਗੇ:

1. ਉਕਤ ਕੰਟੀਨ, ਚਲਾਉਣ ਲਈ, ਠੇਕੇਦਾਰ ਨੂੰ ਮਿਤੀ 01.02.2023 ਤੋਂ 31.03.2026 ਤੱਕ (3 ਸਾਲ ਲਈ) ਆਰਜ਼ੀ ਤੌਰ ਅਲਾਟ ਕੀਤੀ ਜਾਂਦੀ ਹੈ । ਕਿਉਕਿ ਇਹ ਠੇਕਾ ਆਰਜ਼ੀ ਤੌਰ ਤੇ ਹੈ ਇਸ ਲਈ ਦੋਹਾਂ ਧੀਰਾਂ ਨੂੰ ਹਕ ਹੋਵੇਗਾ ਕਿ ਉਹ ਕਿਸੇ ਵੇਲੇ ਵੀ ਇਕ ਮਹੀਨੇ ਦਾ ਨੋਟਿਸ ਦੇ ਕੇ ਠੇਕਾ ਰੱਦ ਕਰਨ ਦਾ ਹਕਦਾਰ ਹੋਵੇਗਾ।

2. ਉਕਤ ਕੰਟੀਨ ਚਲਾਉਣ ਲਈ ਠੇਕੇਦਾਰ ਨੂੰ ਇਕ ਕਮਰਾ, ਮੇਨ ਹਾਲ ਦਾ ਲੋੜੀਂਦਾ ਫਰਨੀਚਰ ਮਾਲਕ ਵਲੋਂ ਅਤੇ ਸਟਾਫ ਵਾਲੇ ਕਮਰੇ ਦੇ ਫਰਨੀਚਰ ਦਾ ਪ੍ਰਬੰਧ ਠੇਕੇਦਾਰ ਵਲੋਂ ਕੀਤਾ ਜਾਵੇਗਾ । ਬਿਜਲੀ ਅਤੇ ਪਾਣੀ ਦਾ ਪ੍ਰਬੰਧ ਮਾਲਕ ਵਲੋਂ ਕੀਤਾ ਜਾਵੇਗਾ। ਬਿਜਲੀ ਦਾ ਖਰਚਾ, ਠੇਕੇਦਾਰ ਬਿਜਲੀ ਦੀ ਖਪਤ ਅਨੁਸਾਰ ਅਦਾ ਕਰੇਗਾ ।

3. ਖਾਣ ਪੀਣ ਵਾਲੀਆਂ ਵਸਤੂਆਂ ਦੇ ਰੇਟਾਂ ਦੀ ਲਿਸਟ, ਦੋਨਾਂ ਧੀਰਾਂ ਦੀ ਸਹਮਤੀ ਅਨੁਸਾਰ ਨਿਰਧਾਰਤ ਕੀਤੀ ਜਾਵੇਗੀ ਅਤੇ ਠੇਕੇਦਾਰ ਨਿਰਧਾਰਤ ਰੇਟਾਂ ਤੇ ਹੀ ਵਸਤੂਆਂ ਦੀ ਸੇਲ ਕਰੇਗਾ।

4. Rs. 20000/- + ਟੈਕਸ ਪ੍ਰਤੀ ਮਹੀਨਾਂ 1.02.2023 ਤੋਂ 31.03.2023 ਤਕ, ਠੇਕੇਦਾਰ ਫੀਸ ਵਜੋਂ ਹਰ ਮਹੀਨੇ ਮਾਲਕ ਨੂੰ ਦੇਵੇਗਾ ਅਤੇ Rs.35000/- + ਟੈਕਸ 1.4.23 ਤੋਂ 31.3.2026 ਹਰ ਮਹੀਨੇ ਮਾਲਕ ਨੂੰ ਦੇਵੇਗਾ। Rs.1000/- ਰੁਪਏ ਪ੍ਰਤੀ ਮਹੀਨਾ ਕੂੜਾ ਕਰਕਟ ਓਠਾਣ ਦਾ ਖਰਚਾ ਅਤੇ 300/- ਰੁਪਏ ਪ੍ਰਤੀ ਮਹੀਨਾ ਪਾਣੀ ਦਾ ਖਰਚਾ ਠੇਕੇਦਾਰ, ਮਾਲਕ ਨੂੰ ਜਮਾਂ ਕਰਵਾਵੇਗਾ। ਹਰ ਮਹੀਨੇ ਦੀ 10 ਤਰੀਕ ਤੱਕ ਕਿਰਾਇਆ ਅਤੇ ਹੋਰ ਖਰਚੇ ਅਡਵਾਂਸ ਵਿਚ ਜਮ੍ਹਾਂ ਕਰਵਾਏ ਜਾਣੇ ਜਰੂਰੀ ਹੋਣਗੇ । ਸਮੇਂ ਸਿਰ ਰਕਮ ਨਾ ਭਰਨ ਤੇ ਮਾਲਕ, ਠੇਕੇਦਾਰ ਤੋਂ ਕੰਟੀਨ ਖਾਲੀ ਕਰਾਉਣ ਦਾ ਅਤੇ ਹੋਰ ਵਿਅਕਤੀ ਨੂੰ ਦੇਣ ਦਾ ਅਧਿਕਾਰ ਹੋਵੇਗਾ ।

5. ਕੰਟੀਨ ਦੇ ਆਲੇ ਦੁਆਲੇ ਦੀ ਸਫਾਈ ਦੀ ਜ਼ੁੰਮੇਵਾਰੀ ਠੇਕੇਦਾਰ ਦੀ ਹੋਵੇਗੀ।

6. ਠੇਕੇਦਾਰ Rs. 20000/- ਰੁਪਏ ਸਕਿਊਰਟੀ ਵਜੋਂ ਜਮ੍ਹਾਂ ਕਰਵਾਏਗਾ ਅਤੇ ਇਹ ਰਕਮ ਉਸਨੂੰ ਠੇਕਾ ਖਤਮ ਹੋਣ ਤੇ ਬਿਨਾਂ ਵਿਆਜ ਅਦਾਇਗੀ ਯੋਗ ਵਾਪਸ ਠੇਕੇਦਾਰ ਨੂੰ ਹੋਵੇਗੀ । ਸਾਰੀਆਂ ਵਸਤੂਆਂ ਕੰਟੀਨ ਮੈਸ ਵਿੱਚ ਹੀ ਤਿਆਰ ਕੀਤੀਆਂ ਜਾਣਗੀਆਂ । ਕੋਈ ਵੀ ਵਸਤੂ ਬਜਾਰ ਵਿੱਚੋਂ ਲਿਆਂਦੀ ਜਾਂ ਬਾਸੀ ਵਸਤੂ ਗਰਮ ਕਰਕੇ ਨਹੀ ਵਰਤਾਈ ਜਾਵੇਗੀ। ਵੇਰਕਾ ਜਾਂ ਅਮੂਲ ਦਾ ਦੁੱਧ ਹੀ ਵਰਤੇਗਾ ।

Principal
Dasmesh Institute of Research
& Dental Sciences, FARIDKOT

Scanned with OKEN Scanner

7. ਕੰਟੀਨ ਵਿੱਚ ਕਿਸੇ ਵੀ ਤਰ੍ਹਾਂ ਦੀ ਦੁਰਘਟਨਾਂ (ਅੱਗ/ਅਣਪਛਾਤੀ ਦੁਰਘਟਨਾ ਆਦਿ) ਹੋਣ ਤੋਂ ਰੋਕਣ ਲਈ ਸਾਰੇ ਲੋੜੀਂਦੇ ਪ੍ਰਬੰਧ ਠੇਕੇਦਾਰ ਵੱਲੋਂ ਕੀਤੇ ਜਾਣਗੇ । ਕਿਸੇ ਵੀ ਤਰ੍ਹਾਂ ਦੇ ਹੋਣ ਵਾਲੇ ਨੁਕਸਾਨ ਦੀ ਭਰਪਾਈ ਠੇਕੇਦਾਰ ਦੁਆਰਾ ਕੀਤੀ ਜਾਵੇਗੀ।

8. ਕਾਲਜ ਦੇ ਅਧਿਕਾਰੀਆਂ, ਕਰਮਚਾਰੀਆਂ ਵੱਲੋਂ ਮੰਗਾਈ ਗਈ ਵਸਤੂ ਅਧਿਕਾਰੀ, ਕਰਮਚਾਰੀ ਦੀ ਸੀਟ ਤੇ ਪੁਜਦੀ ਕਰਨਾਂ ਠੇਕੇਦਾਰ ਦੀ ਜਿੰਮੇਵਾਰੀ ਹੋਵੇਗੀ । ਸਚਾਰੂ ਢੰਗ ਨਾਲ ਵਸਤੂਆਂ ਦੀ ਸਪਲਾਈ ਕਰਨ ਲਈ ਲੋੜੀਂਦਾ ਸਟਾਫ ਰੱਖਣ ਦੀ ਜਿੰਮੇਵਾਰੀ ਠੇਕੇਦਾਰ ਦੀ ਹੋਵੇਗੀ।

9. ਕਾਲਜ ਵੱਲੋਂ ਅਦਾ ਕੀਤੇ ਜਾਣ ਵਾਲੇ ਖਰਚੇ ਦੀ ਵਸਤੂ ਸਮਰੱਥ ਅਧਿਕਾਰੀ ਦੀ ਚਿੱਟ ਤੇ ਹੀ ਲਾਇਸੰਸੀ ਪਰਦਾਨ ਕਰੇਗਾ । ਬਿਨਾਂ ਸਮਰੱਥ ਅਧਿਕਾਰੀ ਦੀ ਚਿੱਟ ਤੋ ਪਰਦਾਨ ਕੀਤੀ ਗਈ ਵਸਤੂ ਦੀ ਕੀਮਤ ਕਾਲਜ ਵੱਲੋ ਅਦਾ ਨਹੀ ਕੀਤੀ ਜਾਵੇਗੀ ।

10. ਠੇਕੇਦਾਰ ਵਲੋਂ ਕਿਸੇ ਵੀ ਤਰਾਂ ਦੀ ਵੇਚੇ ਜਾਣ ਵਾਲੀ ਖਾਣ ਪੀਣ ਵਾਲੀ ਵਸਤੂ ਵਿੱਚ ਕਿਸੇ ਵੀ ਤਰ੍ਹਾਂ ਦੀ ਖਰਾਬੀ ਪਾਈ ਗਈ ਤਾਂ ਉਸ ਦੀ ਸਾਰੀ ਜੁੰਮੇਵਾਰੀ ਠੇਕੇਦਾਰ ਦੀ ਹੋਵੇਗੀ। ਅਜੇਹੀ ਹਾਲਤ ਵਿਚ ਮਾਲਕ ਨੂੰ ਬਿਨਾਂ ਨੋਟਿਸ ਦਿੱਤੇ ਠੇਕਾ ਰੱਦ ਕਰਨ ਦਾ ਹੱਕ ਹੋਵੇਗਾ ਅਤੇ ਮਾਲਕ, ਠੇਕੇਦਾਰ ਦੁਆਰਾ ਜਮ੍ਹਾਂ ਕਰਵਾਈ ਸਕਿਉਰਟੀ ਜਬਤ ਕਰਨ ਦਾ ਹੱਕਦਾਰ ਹੋਵੇਗਾ।

11. ਸਿਹਤ ਵਿਭਾਗ ਵਲੋਂ ਜਾਂ ਕਿਸੇ ਵੀ ਸਰਕਾਰੀ ਵਿਭਾਗ ਵਲੋਂ ਸਮੇਂ ਸਮੇਂ ਤੇ ਖਾਣ ਪੀਣ ਵਾਲੀ ਚੀਜ਼ ਦੇ ਸੈਂਪਲ ਲਏ ਜਾਣ ਤੇ ਕਿਸੇ ਵੀ ਤਰਾਂ ਦਾ ਨੁਕਸ/ਖਰਾਬ ਵਸਤੂਆਂ ਦੀ ਜੁਮੇਵਾਰੀ ਠੇਕੇਦਾਰ ਦੀ ਹੋਵੇਗੀ।

12. ਠੇਕੇਦਾਰ ਕੰਟੀਨ, ਬਰਤਨ, ਵਸਤੂ ਅਤੇ ਆਪਦੇ ਕਰਮਚਾਰੀਆਂ ਦੀ ਸਫਾਈ ਦਾ ਖਾਸ ਧਿਆਨ ਰੱਖੇਗਾ । ਉਸਦੇ ਅਤੇ ਉਸਦੇ ਕਰਮਚਾਰੀਆਂ ਦੇ ਪਹਿਨੇ ਵਸਤਰ ਸਵੱਛ ਅਤੇ ਉਜਵੱਲ ਹੋਣਗੇ ।

13. ਕਾਲਜ ਵਿੱਚ ਹੋਣ ਵਾਲੇ ਖਾਸ ਸਮਾਗਮਾਂ ਲਈ ਖਾਣ ਪੀਣ ਆਦਿ ਦਾ ਸਾਰਾ ਪ੍ਰਬੰਧ ਕਾਲਜ ਅਧਿਕਾਰੀਆਂ ਦੀ ਇੱਛਾ ਅਨੁਸਾਰ ਠੇਕੇਦਾਰ ਨੂੰ ਕਰਨਾਂ ਪਵੇਗਾ । ਇਹਨਾਂ ਤੇ ਹੋਣ ਵਾਲਾ ਖਰਚਾ ਵਾਜਬ ਦਰਾਂ ਤੇ ਠੇਕੇਦਾਰ ਨੂੰ ਮਾਲਕ ਅਦਾ ਕਰੇਗਾ ।

14. ਠੇਕੇਦਾਰ ਵੱਲੋ ਵਿਦਿਆਰਥੀਆਂ ਆਦਿ ਨੂੰ ਉਧਾਰ ਦਿੱਤੀਆਂ ਵਸਤੂਆਂ ਦੀ ਰਕਮ ਦੀ ਵਸੂਲੀ ਦਾ ਮਾਲਕ ਜਿੰਮੇਵਾਰ ਨਹੀ ਹੋਵੇਗਾ ।

15. ਠੇਕੇਦਾਰ ਕੰਟੀਨ ਸਵੇਰੇ 7 ਵਜੇ ਤੋਂ ਸ਼ਾਮ 9 ਵਜੇ ਤਕ ਕੰਟੀਨ ਖੋਲ ਸਕੇਗਾ।

16. ਠੇਕੇ ਦੀ ਮਿਆਦ ਪੂਰੀ ਹੋਣ ਤੇ ਠੇਕੇਦਾਰ, ਮਾਲਕ ਦੀ ਥਾਂ ਆਪਣੇ ਆਪ ਖਾਲੀ ਕਰ ਦੇਵੇਗਾ ਅਤੇ ਉਸਨੂੰ ਬੇਦਖਲ ਕਰਨ ਲਈ ਕਿਸੇ ਹੋਰ ਨੋਟਿਸ ਦੇਣ ਦੀ ਲੋੜ ਨਹੀ ਹੋਵੇਗੀ ।

17. ਕਾਲਜ ਦੇ ਅਧਿਕਾਰੀ ਇਹ ਯਕੀਨੀ ਬਨਾਓਣਗੇ, ਕਿ ਕੋਈ ਹੋਰ ਦੁਕਾਨਦਾਰ (ਵੇਰਕਾ ਬੂਥ ਨੂੰ ਛੱਡ ਕੇ)ਖਾਣ ਪੀਣ ਵਾਲੀਆਂ ਵਸਤੂਆਂ ਨਹੀਂ ਵੇਚੇਗਾ। ਵੇਰਕਾ ਬੂਥ ਕੇਵਲ ਵੇਰਕਾ ਦੀਆਂ ਵਸਤੂਆਂ ਹੀ ਵੇਚੇਗਾ।

Principal
Dashmesh Institute of Research
& Dental Sciences, FARIDKOT.

ਪ੍ਰਿੰਸੀਪਲ
ਦਸਮੇਸ਼ ਡੈਂਟਲ ਕਾਲਜ

ਸ਼ਿਵ ਸ਼ਕਤੀ ਫੂਡ ਸਰਵਿਸ
ਫਰੀਦਕੋਟ।

Scanned with OKEN Scanner